ੴ ਸਤਿਗੁਰ ਪ੍ਰਸਾਦਿ ॥

# ਖ਼ਾਲਸਾ ਕਾਲਜ, ਪਟਿਆਲਾ

(ਜਨਰਲ ਸ਼ਿਵਦੇਵ ਸਿੰਘ ਦੀਵਾਨ ਗੁਰਬਚਨ ਸਿੰਘ)

(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ)

## ਸਲਾਨਾ ਰਿਪੋਰਟ

## 2002-03


ਪ੍ਰਸਤੁਤ ਕਰਤਾ :

ਡਾ. ਹਰਬੀਰ ਸਿੰਘ,
ਪ੍ਰਿੰਸੀਪਲ

ਤਿਆਰ ਕਰਤਾ :

ਡਾ. ਪੁਸ਼ਪਿੰਦਰ ਕੌਰ,
ਲੈਕ. ਪੰਜਾਬੀ ਵਿਭਾਗ

# ਖ਼ਾਲਸਾ ਕਾਲਜ, ਪਟਿਆਲਾ
# (ਜਨਰਲ ਸ਼ਿਵਦੇਵ ਸਿੰਘ ਦੀਵਾਨ ਗੁਰਬਚਨ ਸਿੰਘ)
# ਸਲਾਨਾ ਰਿਪੋਰਟ
# 2002-2003

*ਵਾਹਿਗੁਰੂ ਜੀ ਦਾ ਖ਼ਾਲਸਾ*
*ਵਾਹਿਗੁਰੂ ਜੀ ਦੀ ਫ਼ਤਹਿ*

ਸੈਸ਼ਨ 2002-03 ਦੌਰਾਨ ਕਾਲਜ ਨੇ ਵਿਦਿਅਕ, ਧਾਰਮਕ, ਸਭਿਆਚਾਰਕ ਅਤੇ ਖੇਡਾਂ ਦੇ ਖੇਤਰ ਵਿਚ ਕਈ ਕਾਬਿਲੇ ਤਾਰੀਫ਼ ਮੱਲਾਂ ਮਾਰੀਆਂ। ਕਾਲਜ ਦੇ ਵਿਦਿਆਰਥੀਆਂ ਅਤੇ ਖਿਡਾਰੀਆਂ ਨੇ ਅੰਤਰ ਯੂਨੀਵਰਸਿਟੀ ਅਤੇ ਨੈਸ਼ਨਲ ਪੱਧਰ 'ਤੇ ਕਾਲਜ ਦਾ ਨਾਮ ਰੌਸ਼ਨ ਕੀਤਾ। ਕੰਪਿਊਟਰ ਵਿਭਾਗ ਵਿਚ ਕਈ ਨਵੇਂ ਵਿਸ਼ੇ ਸ਼ੁਰੂ ਕੀਤੇ ਗਏ। ਵਿਦਿਆਰਥੀਆਂ ਅੰਦਰ ਚੰਗੀ ਸਿਹਤ ਅਤੇ ਚੰਗੇ ਸਮਾਜ ਦੀ ਸਿਰਜਣਾ ਕਰਨ ਵਾਸਤੇ ਕਈ ਪ੍ਰਕਾਰ ਦੇ ਕਲੱਬ ਅਤੇ ਕਮੇਟੀਆਂ ਦਾ ਗਠਨ ਕੀਤਾ ਗਿਆ। ਕਈ ਅਧਿਆਪਕਾਂ ਦੀਆਂ ਪੁਸਤਕਾਂ, ਰੀਸਰਚ ਪੇਪਰ ਅਤੇ ਆਰਟੀਕਲ ਪ੍ਰਕਾਸ਼ਤ ਹੋਏ।

## ਵਿਦਿਅਕ ਪ੍ਰਾਪਤੀਆਂ

ਸੈਸ਼ਨ 2001-02 ਦੀਆਂ ਸਲਾਨਾ ਪ੍ਰੀਖਿਆਵਾਂ ਦੌਰਾਨ ਨੇਹਾ ਜੈਨ ਦੀ ਬੀ.ਐਸ.ਸੀ. ਭਾਗ ਦੂਜਾ ਨੇ 75.68× ਪ੍ਰਤੀਸ਼ਤ ਨੰਬਰ ਲੈ ਕੇ ਯੂਨੀਵਸਿਟੀ ਵਿਚ 8(ii) ਸਥਾਨ ਹਾਸਲ ਕੀਤਾ।

ਸੰਦੀਪ ਕੌਰ ਬੀ.ਏ. ਭਾਗ ਪਹਿਲਾ ਨੇ 69.87 ਪ੍ਰਤੀਸ਼ਤ ਨੰਬਰ ਲੈ ਕੇ ਯੂਨੀਵਰਸਿਟੀ ਦੇ ਮੈਰਿਟ ਲਿਸਟ ਵਿਚ ਆਏ 208 ਵਿਦਿਆਰਥੀਆਂ ਵਿਚੋਂ 52ਵਾਂ ਸਥਾਨ ਹਾਸਲ ਕੀਤਾ।

ਕਾਲਜ ਦੀਆ ਹੇਠ ਲਿਖੀਆਂ ਕਲਾਸਾਂ / ਵਿਸ਼ਿਆਂ ਨੇ ਸਾਲਾਨਾ ਪ੍ਰੀਖਿਆਵਾਂ 2001-02 ਦੇ ਯੂਨੀਵਰਸਿਟੀ / ਬੋਰਡ ਦੇ ਨਤੀਜੇ 100 ਪ੍ਰਤੀਸ਼ਤ ਰਹੇ।

**ARTS CLASSES**

| Class | Subjects |
|---|---|
| +1 Arts . | Economics, Physical Education, Th. & Pr. |

| | |
|---|---|
| +2 Arts | Hindi, History, Religion, Eng. Literature, Physical Education Th. & Pr. |
| B.A. Part I | F.A.C. (Th & Pr.), Home Science (Th. & Pr.), Fine Arts (Pr.), Music (I) Pr., Physical Education Pr. |
| B.A. Part-II | Pubjabi, Religion, Sociology, Fine Arts, Th. & Pr. Home Science, Th & Pr., Physical Education, Th. Pr., Music (V) Th. & Pr., Music (I) Th. & Pr., F.A.C. Pr. |
| B.A. Part III | Punjabi, Hindi, History, Religion, Fine Arts Th. & Pr. F.A.C. Th. Pr., Home Science Th. & Pr., Music (V) Th. & Pr., Music (I) Th. & Pr., Physical Education Th. & Pr. |
| +1 Com | English, Punjabi, TPC, Store-keeping. |
| +1 Com | Punjabi, Short-hand. |
| B.Com. II | Punjabi, English. |
| B.Com. III | English, Indian Eco. Problems, Operation Research, Company Law, Punjabi. |

**SCIENCE CLASSES**

| **Class** | **Subjects** |
|---|---|
| +1 Medical | Punjabi, Physics Pr., Chemistry Pr., Bio. Pr., |
| +1 Non-Med. | Punjabi, Physics Pr., Chemistry Pr., |
| +2 Medical | Physics Pr., Chemistry Pr., Bio Pr., English, Punjabi. |
| +2 Non-Med. | Physics Pr., Chemistry Pr., English, Punjabi. |
| B.Sc. I (Non-Med) | English, Physics Pr., Chemistry Pr. |
| B.Sc. Part I (Comp. Appl.) | Computer Application, English, Physics Pr. |

| | |
|---|---|
| B.Sc. Part II (Non-Med) | English, Punjabi, Physics Pr., Chemistry Pr., |
| B.Sc. Part II (Comp. App.) | English, Computer Application, Maths, Physics Pr., |
| B.Sc. Part III (Non-Med). | English, Punjabi, Chemistry (Thr. & Pr.), Pysics (Th. & Pr.). |
| B.Sc. Part-III (Comp.App.) | English, Punjabi, Maths, Computer Application Pr. & Th. |

**COMPUTER CLASSES**

| | |
|---|---|
| B.C.A. Part-I | Lab I, Lab II |
| B.C.A. Part-II | Lab III, Lab. IV |
| B.C.A. Part-III | English, Computer Networks System Analysis & Design, Software Engg., C++, Lab. V., Protect. |

# ਸਭਿਆਚਾਰਕ ਸਰਗਰਮੀਆਂ

ਪਟਿਆਲਾ ਜੋਨ ਯੁਵਕ ਮੇਲਾ 16 ਤੋਂ 18 ਨਵੰਬਰ, 2002 ਨੂੰ ਆਰਮੀ ਇੰਸਟੀਚਿਊਟ ਆਫ਼ ਲਾਅ ਵਿਖੇ ਹੋਇਆ। ਜਿਸ ਵਿਚ ਕਾਲਜ ਦੀਆਂ ਸਭਿਆਚਾਰਕ ਸਰਗਰਮੀਆਂ ਦੇ ਇੰਚਾਰਜ ਪ੍ਰੋ. ਮਲਜਿੰਦਰ ਕੌਰ ਦੀ ਅਗਵਾਈ ਅਧੀਨ ਕਾਲਜ ਨੇ ਗਿੱਧਾ, ਕਲੇਅ ਮਾਡਲਿੰਗ, ਐਲਿਓਕੇਸ਼ਨ, ਗਰੁੱਪ ਸਕਿਟ ਅਤੇ ਨਾਲ ਪ੍ਰਕਸ਼ਨ ਵਿਚ ਪਹਿਲਾ ਅਤੇ ਭੰਗੜਾ, ਪ੍ਰਕਸ਼ਨ, ਕਾਰਟੂਨਿੰਗ, ਰੰਗੋਲੀ (ਦੋ), ਡਰਾਮਾ, ਹਿਸਟ੍ਰਾਨਿਕਸ, ਆਰਕੈਸਟਰਾ, ਮੌਕੇ 'ਤੇ ਚਿੱਤਰਕਾਰੀ, ਕੋਲਾਜ਼ (ਦੋ), ਸਮੂਹ ਗਾਇਣ, ਗਜ਼ਲ ਤਬਲਾ ਵਾਦਨ ਅਤੇ ਵਾਰ ਗਾਇਣ ਵਿਚ ਦੂਜਾ ਸਥਾਨ ਹਾਸਲ ਕੀਤਾ। ਮਿਤੀ 22 ਤੋਂ 24 ਜਨਵਰੀ, 2003 ਨੂੰ ਹੋਏ ਅੰਤਰ ਜ਼ੋਨਲ ਯੁਵਕ ਮੁਕਾਬਲੇ ਵਿਚ ਕਾਲਜ ਦੇ ਵਿਦਿਆਰਥੀਆਂ ਨੇ ਸਕਿਟ ਅਤੇ ਐਲਿਓਕੇਸ਼ਨ ਵਿਚ ਪਹਿਲਾ ਅਤੇ ਕਲੇਅ ਮਾਡਲਿੰਗ ਅਤੇ ਨਾਨ ਪ੍ਰਕਸ਼ਨ ਵਿਚ ਦੂਸਰਾ ਸਥਾਨ ਹਾਸਲ ਕੀਤਾ।

ਪੰਜਾਬ ਸਟੇਟ ਇੰਟਰ ਵਰਸਿਟੀ ਵਿਚ ਹਰਦੀਪ ਸਿੰਘ ਅਤੇ ਕੁਲਦੀਪ ਸਿੰਘ ਨੇ ਭੰਗੜੇ ਵਿਚ ਫ਼ਸਟ ਰਹਿ ਕੇ ਗੋਲਡ ਮੈਡਲ ਜਿੱਤਿਆ। ਇਸੇ ਹੀ ਮੁਕਾਬਲੇ ਵਿਚ ਗੁਰਿੰਦਰ ਸਿੰਘ ਨੇ ਕੋਲਾਜ਼ ਵਿਚ ਤੀਸਰਾ ਸਥਾਨ ਹਾਸਲ ਕੀਤਾ।

## ਟੇਲੰਟ ਹੰਟ

29 ਅਕਤੂਬਰ, 2002 ਨੂੰ ਕਾਲਜ ਵਿਚ ਟੇਲੰਟ ਹੰਟ ਪ੍ਰੋਗਰਾਮ ਕਰਵਾਇਆ ਗਿਆ। ਜਿਸ ਵਿਚ ਡੀਬੇਟ, ਐਲਿਓਕੇਸ਼ਨ, ਕਵਿਤਾ, ਗੀਤ, ਗ਼ਜ਼ਲ, ਲੋਕ ਗੀਤ, ਹਿਸਟ੍ਰਾਨਿਕਸ, ਮਿਮਿਕਰੀ, ਗਰੁੱਪ ਸਕਿੱਟ ਅਤੇ ਫਾਈਨ ਆਰਟਸ ਆਈਟਮਜ਼ ਦੇ ਮੁਕਾਬਲੇ ਕਰਵਾਏ ਗਏ।

# ਐਨ.ਸੀ.ਸੀ.(ਆਰਮੀ ਵਿੰਗ)

ਸੈਸ਼ਨ 2002-03 ਦੌਰਾਨ ਐਨ.ਸੀ.ਸੀ. ਆਰਮੀ ਵਿੰਗ ਵਿਚ 60 ਕੈਡਿਟਸ ਭਰਤੀ ਕੀਤੇ ਗਏ। ਪਹਿਲੇ ਸਾਲ ਵਿਚ ਕੁਲ 32 ਕੈਡਿਟਸ ਭਰਤੀ ਕੀਤੇ ਗਏ। ਦੂਜੇ ਸਾਲ ਵਿਚ 17 ਅਤੇ ਤੀਜੇ ਸਾਲ ਵਿਚ 11 ਕੈਡਿਟਸ ਭਰਤੀ ਕੀਤੇ ਗਏ। ਕਾਲਜ ਦੇ 5 ਕੈਡਿਟਸ ਨੇ ਆਜ਼ਾਦੀ ਦਿਵਸ ਸਮਾਰੋਹ ਵਿਚ ਹਿੱਸਾ ਲਿਆ, ਜਿਸ ਵਿਚ 5 ਪੰਜਾਬ ਬਟਾਲੀਅਨ ਨੂੰ ਪਹਿਲਾ ਸਥਾਨ ਪ੍ਰਾਪਤ ਹੋਇਆ। ਕਾਲਜ ਦੇ 5 ਕੈਡਿਟਸ ਨੇ ਨਾਭਾ ਵਿਖੇ ਸੀ.ਏ.ਟੀ.ਸੀ. ਕੈਂਪ ਲਗਾਇਆ, ਜਿਸ ਵਿਚੋਂ ਕਾਲਜ ਦੇ ਵਿਦਿਆਰਥੀ ਸ਼ੀਂਦਰ ਦਾਸ ਅਤੇ ਚਰਨਜੀਤ ਸਿੰਘ ਪਰੀ-ਥਲ ਸੈਨਾ ਕੈਂਪ, ਫੀਲੌਰ ਲਈ ਅਤੇ ਫਿਰ ਸ਼ੀਂਦਰ ਦਾਸ ਥਲ ਸੈਨਾ ਕੈਂਪ, ਦਿੱਲੀ ਲਈ ਚੁਣਿਆ ਗਿਆ। ਕਾਲਜ ਦੇ 12 ਕੈਡਿਟਸ ਨੇ ਪਟਿਆਲਾ ਵਿਖੇ ਸੀ.ਏ.ਟੀ.ਸੀ. ਕੈਂਪ ਲਗਾਇਆ, ਜਿਸ ਵਿਚ ਖ਼ਾਲਸਾ ਕਾਲਜ ਦੇ ਵਿਦਿਆਰਥੀਆਂ ਨੇ ਡਰਿਲ ਵਿਚ ਟਰਾਫ਼ੀ ਪ੍ਰਾਪਤ ਕੀਤੀ। ਕਾਲਜ ਦੇ 6 ਕੈਡਿਟਸ ਨੇ ਜਵਾਹਰ ਨਵੋਦਿਆ ਵਿਦਿਆਲਾ ਫਤਿਹਪੁਰ ਰਾਜਪੂਤਾਂ ਵਿਖੇ ਪਰੀ-ਡੀਕੇਟ ਕੈਂਪ ਲਗਾਇਆ, ਜਿਨ੍ਹਾਂ ਵਿਚੋਂ 3 ਕੈਡਿਟਸ ਡੀਕੇਟ ਕੈਂਪ ਲਈ ਚੁਣੇ ਗਏ। ਕਾਲਜ ਦੇ 2 ਕੈਡਿਟਸ ਗੁਰਮੀਤ ਸਿੰਘ ਅਤੇ ਕੁਲਦੀਪ ਸਿੰਘ ਪਰੀ-ਆਰ.ਡੀ.ਸੀ. ਕੈਂਪ, ਚੰਡੀਗੜ੍ਹ ਲਈ ਚੁਣੇ ਗਏ ਅਤੇ ਅੱਗੇ ਚੱਲ ਕੇ ਇਹਨਾਂ 2 ਕੈਡਿਟਸ ਨੇ ਹੀ ਨਵੀਂ ਦਿੱਲੀ ਵਿਖੇ ਆਰ.ਡੀ.ਪਰੇਡ 2003 ਵਿੱਚ ਹਿੱਸਾ ਲਿਆ।

# ਐਨ.ਸੀ.ਸੀ. (ਏਅਰ ਵਿੰਗ)

ਪ੍ਰੋ. ਗੁਰਮੀਤ ਸਿੰਘ ਦੀ ਅਗਵਾਈ ਅਧੀਨ ਕਾਲਜ ਦੇ ਐਨ.ਸੀ.ਸੀ. (ਏਅਰ ਵਿੰਗ) ਵਿੱਚ 30 ਵਿਦਿਆਰਥੀਆਂ ਨੇ ਦਾਖ਼ਲਾ ਲਿਆ। ਮਿਤੀ 28 ਨਵੰਬਰ, 2002 ਨੂੰ ਏਅਰ ਵਿੰਗ ਵੱਲੋਂ ਕਾਲਜ ਵਿਚ ਖ਼ੂਨਦਾਨ ਕੈਂਪ ਲਗਾਇਆ ਗਿਆ, ਜਿਸ ਦਾ ਉਦਘਾਟਨ ਸ. ਗੁਰਿੰਦਰ ਸਿੰਘ ਅਤੇ ਗੌਰਮਿੰਟ ਰਾਜਿੰਦਰਾ ਹਸਪਤਾਲ ਦੇ ਬਲੱਡ ਬੈਂਕ ਦੇ ਇੰਚਾਰਜ ਡਾ. ਜੀ.ਐਸ. ਅਟਵਾਲ ਨੇ ਵੀ ਇਸ ਕੈਂਪ ਵਿਚ ਸ਼ਿਰਕਤ ਕੀਤੀ। ਵਿਦਿਆਰਥੀਆਂ ਵੱਲੋਂ ਇਸ ਕੈਂਪ

ਵਿਚ ਵੱਧ ਚੜ੍ਹ ਕੇ ਖ਼ੂਨਦਾਨ ਕੀਤਾ ਗਿਆ।

## ਐਨ. ਐਸ. ਐਸ.

ਪ੍ਰੋਗਰਾਮ ਅਫ਼ਸਰ ਪ੍ਰੋ. ਕਮਲ ਸੋਹਲ ਦੀ ਅਗਵਾਈ ਅਧੀਨ ਇਸ ਸੈਸ਼ਨ ਦੌਰਾਨ ਐਨ.ਐਸ.ਐਸ. ਦੀਆ ਤਿੰਨ ਯੂਨਿਟਾਂ ਵਿਚ 213 ਲੜਕੇ ਅਤੇ 132 ਲੜਕੀਆਂ ਨੇ ਦਾਖ਼ਲਾ ਲਿਆ। ਐਨ.ਐਸ.ਐਸ. ਦੇ ਵਲੰਟਰੀਆਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਆਦੇਸ਼ ਅਨੁਸਾਰ ਕਾਲਜ ਵਿਚ 19 ਅਗਸਤ, 2002 ਨੂੰ ਭਾਈ ਘਨੱਈਆ ਜੀ ਦੀ ਬਰਸੀ ਮਨਾਈ। ਇਸ ਸਮਾਗਮ ਵਿਚ ਪ੍ਰੋਗਰਾਮ ਅਫ਼ਸਰ ਪ੍ਰੋ. ਕਮਲ ਸੋਹਲ ਤੋਂ ਇਲਾਵਾ ਪ੍ਰੋ. ਸੁਤਿੰਦਰ ਸਿੰਘ ਕਾਹਲੋਂ, ਪ੍ਰੋ. ਪਰਮਜੀਤ ਸਿੰਘ ਅਤੇ ਕਾਲਜ ਦੇ ਪ੍ਰਿੰਸੀਪਲ ਡਾ. ਹਰਬੀਰ ਸਿੰਘ ਨੇ ਵਿਦਿਆਰਥੀਆਂ ਨਾਲ ਭਾਈ ਘਨੱਈਆ ਜੀ ਦੀਆਂ ਸੇਵਾਵਾਂ ਸੰਬੰਧੀ ਵਿਸਥਾਰ ਪੂਰਵਕ ਆਪਣੇ ਵਿਚਾਰ ਸਾਂਝੇ ਕੀਤੇ।

ਐਨ.ਐਸ.ਐਸ. ਦੇ ਵਲੰਟੀਅਰਾਂ ਨੇ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਦੇ ਸੰਬੰਧ ਵਿਚ 28 ਨਵੰਬਰ, 2002 ਨੂੰ ਕਾਲਜ ਕੈਂਪਸ ਦੀ ਸਫ਼ਾਈ ਕੀਤੀ ਅਤੇ ਲੰਗਰ ਦੀ ਸੇਵਾ ਨਿਭਾਈ।

21 ਜਨਵਰੀ, 2003 ਨੂੰ ਕਾਲਜ ਦੇ ਤਿੰਨ ਵਿਦਿਆਰਥੀਆਂ ਹਰਮੀਤ ਸਿੰਘ, ਜਗਦੇਵ ਸਿੰਘ ਬੀ.ਕਾਮ. ਭਾਗ ਪਹਿਲਾ ਅਤੇ ਮਿਸ ਸੁਪਰੀਤੀ ਬੀ.ਏ. ਭਾਗ ਤੀਜਾ ਨੇ ਹੈਲਥ ਸੈਂਟਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਖ਼ੂਨਦਾਨ ਕੈਂਪ ਵਿਚ ਖ਼ੂਨ ਦਾਨ ਕੀਤਾ।

ਐਨ.ਐਸ.ਐਸ. ਦੇ ਵਲੰਟੀਅਰਾਂ ਵਲੋਂ ਕਾਲਜ ਕੈਂਪਸ ਵਿਚ ਇਕ ਰੋਜ਼ਾ ਦਸ ਕੈਂਪ ਲਗਾਏ ਗਏ, ਜਿਸ ਦੌਰਾਨ ਕਾਲਜ ਕੈਂਪਸ, ਪਾਰਕ ਅਤੇ ਗਰਾਊਂਡ ਸਾਫ਼ ਕੀਤੇ ਗਏ।

### ਕੰਪਿਊਟਰ ਵਿਭਾਗ

ਇਸ ਸੈਸ਼ਨ ਦੌਰਾਨ ਕੰਪਿਊਟਰ ਵਿਭਾਗ ਵਲੋਂ ਦੋ ਨਵੇਂ ਵਿਸ਼ੇ ਕੰਪਿਊਟਰ ਮੈਨਟੀਨੈਂਸ ਅਤੇ ਕੰਪਿਊਟਰ ਇਨਫ਼ਰਮੇਸ਼ਨ ਟੈਕਨੋਲੋਜੀ ਸ਼ੁਰੂ ਕੀਤੀ ਗਏ। ਸਤੰਬਰ 26, 2002 ਨੂੰ ਥਾਪਰ ਕਾਲਜ ਦੇ ਕੰਪਿਊਟਰ ਵਿਭਾਗ ਦੇ ਮੁਖੀ ਡਾ. ਪੀ. ਕੇ. ਬਾਂਸਲ ਦਾ Computer Networks and Communications ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ। ਨਵੰਬਰ 25-26, 2002 ਨੂੰ ਕੰਪਿਊਟਰ ਵਿਭਾਗ ਦੇ ਵਿਦਿਆਰਥੀਆਂ ਦਾ ਦੋ ਰੋਜ਼ਾ ਵਿਦਿਅਕ ਟੂਰ ਅੰਤਰ ਰਾਸ਼ਟਰੀ ਟਰੇਡ ਅਫੇਅਰ, ਦਿੱਲੀ ਵਿਖੇ ਲਿਜਾਇਆ ਗਿਆ। ਨਵੰਬਰ, 26, 2002 ਨੂੰ ਕੰਪਿਊਟਰ ਅਤੇ ਕਾਮਰਸ ਵਿਭਾਗ ਦੇ ਸਾਂਝੇ ਯਤਨਾਂ ਸਦਕਾ ਕੈਨਮ ਕੰਨਸਲਟੈਂਟਸ ਵਲੋਂ 'ਬਾਹਰਲੇ ਮੁਲਕਾਂ ਵਿਚ ਸਿਖਿਆ ਦੇ ਮੌਕੇ'

ਵਿਸ਼ੇ 'ਤੇ ਇਕ ਲੈਕਚਰ ਦਾ ਆਯੋਜਨ ਕੀਤਾ ਗਿਆ।

## ਸਾਇੰਸ ਵਿਭਾਗ

ਸੈਸ਼ਨ ਦੇ ਆਰੰਭ ਵਿਚ ਸਾਇੰਸ ਵਿਭਾਗ ਵਲੋਂ 'ਸਾਇੰਸ ਐਸੋਸੀਏਸ਼ਨ' ਦੇ ਵਿਦਿਆਰਥੀ ਅਹੁਦੇਦਾਰਾਂ ਦੀ ਚੋਣ ਕੀਤੀ ਗਈ। ਸਾਇੰਸ ਅਤੇ ਕਾਮਰਸ ਐਸੋਸੀਏਸ਼ਨ ਵਲੋਂ 26 ਅਗਸਤ, 2002 ਨੂੰ 'ਪੋਸਟਰ ਮੇਕਿੰਗ ਮੁਕਾਬਲਾ' ਕਰਵਾਇਆ ਗਿਆ। ਜਨਵਰੀ 17, 2003 ਨੂੰ ਕਾਲਜ ਵਿਚ ਕੁਇਜ਼ ਮੁਕਾਬਲਾ ਕਰਵਾਇਆ ਗਿਆ। ਇਸ ਮੁਕਾਬਲੇ ਵਿਚ ਕਾਲਜ ਦੀਆਂ ਸਾਇੰਸ, ਕੰਪਿਊਟਰ, ਆਰਟਸ ਅਤੇ ਕਾਮਰਸ ਵਿਭਾਗ ਦੀਆਂ ਟੀਮਾਂ ਨੇ ਭਾਗ ਲਿਆ ਅਤੇ ਕਾਮਰਸ ਵਿਭਾਗ ਦੀ ਟੀਮ ਪਹਿਲੇ ਸਥਾਨ 'ਤੇ ਰਹੀ। ਇਸ ਐਸੋਸੀਏਸ਼ਨ ਵਲੋਂ ਫਰਵਰੀ 13, 2003 ਨੂੰ ਕਾਲਜ ਵਿਚ ਅੰਤਰ ਕਾਲਜ ਕੁਇਜ਼ ਮੁਕਾਬਲਾ ਕਰਵਾਇਆ ਗਿਆ। ਸ੍ਰ. ਸੁਰਜੀਤ ਸਿੰਘ ਰੱਖੜਾ ਨੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਦਿੱਤੇ।

## ਕਾਮਰਸ ਵਿਭਾਗ

ਸੈਸ਼ਨ ਦੇ ਆਰੰਭ ਵਿਚ ਕਾਮਰਸ ਵਿਭਾਗ ਵਲੋਂ ਕਾਮਰਸ ਐਸੋਸੀਏਸ਼ਨ ਦੇ ਵਿਦਿਆਰਥੀ ਅਹੁਦੇਦਾਰਾਂ ਦੀ ਚੋਣ ਕੀਤੀ ਗਈ। ਇਸ ਐਸੋਸੀਏਸ਼ਨ ਦੇ ਅਧਿਆਪਕ ਅਤੇ ਵਿਦਿਆਰਥੀ ਮੈਂਬਰਾਂ ਦੁਆਰਾ ਬਾਲ ਦਿਵਸ ਦੇ ਮੌਕੇ 'ਤੇ 14 ਨਵੰਬਰ ਨੂੰ ਅਰਬਿੰਦੋ ਚੈਰੀਟੇਬਲ ਹੋਮ ਵਿਖੇ ਜਾ ਕੇ ਯਤੀਮ ਅਤੇ ਅੰਗਹੀਣ ਬੱਚਿਆਂ ਨਾਲ ਕੁਝ ਸਮਾਂ ਬਿਤਾਇਆ ਗਿਆ ਅਤੇ ਉਹਨਾਂ ਨੂੰ ਫਲ ਅਤੇ ਮਠਿਆਈਆਂ ਵੀ ਵੰਡੀਆਂ ਗਈਆਂ। ਇਸ ਐਸੋਸੀਏਸ਼ਨ ਵਲੋਂ 26 ਨਵੰਬਰ, 2002 ਨੂੰ "Education in Foreign Countreis"" ਵਿਸ਼ੇ 'ਤੇ Canam Consultants ਦੁਆਰਾ, ਬੀ.ਕਾਮ. ਭਾਗ ਦੂਜਾ ਅਤੇ ਬੀ.ਕਾਮ ਭਾਗ ਤੀਜਾ ਦੇ ਵਿਦਿਆਰਥੀਆਂ ਲਈ ਇਕ ਲੈਕਚਰ ਦਾ ਆਯੋਜਨ ਕੀਤਾ ਗਿਆ। ਇਹਨਾਂ ਹੀ ਕਲਾਸਾਂ ਦੇ ਕਈ ਵਿਦਿਆਰਥੀਆਂ ਨੇ 20 ਜਨਵਰੀ, 2003 ਨੂੰ "Education Going in Which Direction" ਵਿਸ਼ੇ 'ਤੇ ਪੇਪਰ ਪੜ੍ਹੇ।

# ਆਰਟਸ ਵਿਭਾਗ

## ਪੰਜਾਬੀ ਵਿਭਾਗ

10 ਸਤੰਬਰ, 2002 ਨੂੰ ਕਾਲਜ ਵਿਚ ਪਹਿਲੀ ਵਾਰ 'ਪੰਜਾਬੀ ਸਾਹਿਤ ਸਭਾ' ਬਣਾਈ ਗਈ ਅਤੇ ਇਸ ਦੇ ਵਿਦਿਆਰਥੀ ਅਹੁਦੇਦਾਰਾਂ ਦੀ ਚੋਣ ਕੀਤੀ ਗਈ। ਮਿਤੀ 25 ਫਰਵਰੀ, 2003 ਨੂੰ ਇਸ ਸਾਹਿਤ ਸਭਾ ਅਤੇ ਪੰਜਾਬੀ

ਵਿਭਾਗ ਦੇ ਸਾਂਝੇ ਯਤਨਾਂ ਨਾਲ 'ਸਾਹਿਤਕ ਮਿਲਣੀ' ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਪ੍ਰੋਗਰਾਮ ਵਿਚ ਪੰਜਾਬੀ ਦੇ ਉੱਘੇ ਕਵੀ 'ਸੁਰਜੀਤ ਪਾਤਰ' ਨੂੰ ਵਿਦਿਆਰਥੀਆਂ ਦੇ ਰੂ-ਬ-ਰੂ ਕੀਤਾ ਗਿਆ।

## ਹਿੰਦੀ ਵਿਭਾਗ

ਸੈਸ਼ਨ ਦੇ ਆਰੰਭ ਵਿਚ ਡਾ. ਹਰਵਿੰਦਰ ਕੌਰ ਦੀ ਸਰਪ੍ਰਸਤੀ ਅਧੀਨ ਹਿੰਦੀ ਸਾਹਿਤ ਸਭਾ ਦੇ ਵਿਦਿਆਰਥੀ ਅਹੁਦੇਦਾਰਾਂ ਦੀ ਚੋਣ ਕੀਤੀ ਗਈ। ਇਸ ਸਾਹਿਤ ਸਭਾ ਦੁਆਰਾ 4 ਅਕਤੂਬਰ, 2002 ਨੂੰ "ਭ੍ਰਿਸ਼ਟਾਚਾਰ ਕਾਰਣ ਤੇ ਨਿਵਾਰਣ" ਵਿਸ਼ੇ 'ਤੇ ਇਕ ਲੇਖ ਲਿਖਣ ਮੁਕਾਬਲਾ ਕਰਵਾਇਆ ਗਿਆ। 26 ਫਰਵਰੀ, 2003 ਨੂੰ ਵਿਦਿਆਰਥੀਆਂ ਨੂੰ ਹਰਿਆਣਾ ਦੇ ਰਾਜ ਕਵੀ ਉਦੈ ਭਾਨੂੰ ਹੰਸ ਦੇ ਰੂ-ਬ-ਰੂ ਕਰਵਾਇਆ ਗਿਆ।

## ਹੋਮ ਸਾਇੰਸ ਵਿਭਾਗ

ਇਸ ਵਿਭਾਗ ਦੁਆਰਾ ਅਕਤੂਬਰ ਮਹੀਨੇ ਵਿਚ ਰੰਗੋਲੀ, ਨਵੰਬਰ ਮਹੀਨੇ ਵਿਚ ਦੁਪੱਟਿਆਂ ਦੀ ਟਾਈ ਐਂਡ ਡਾਈ ਅਤੇ ਕੱਪੜਿਆਂ ਦੀ ਕਢਾਈ, ਫਰਵਰੀ ਵਿਚ ਫੁੱਲਾਂ ਦੀ ਵਿਵਸਥਾ ਅਤੇ ਕੁੱਕਰੀ ਕੰਪੀਟੀਸ਼ਨ ਕਰਵਾਏ ਗਏ ਅਤੇ ਜਨਵਰੀ ਮਹੀਨੇ ਵਿਚ ਸਾਰੇ ਸੈਸ਼ਨ ਦੌਰਾਨ ਵਿਦਿਆਰਥਣਾਂ ਦੁਆਰਾ ਤਿਆਰ ਕੀਤੀਆਂ ਗਈਆਂ ਵਸਤਾਂ ਦੀ ਪ੍ਰਦਰਸ਼ਨੀ ਲਗਾਈ ਗਈ।

## ਫ਼ੋਕ ਆਰਟ ਐਂਡ ਕਲਚਰ ਵਿਭਾਗ

ਇਸ ਵਿਭਾਗ ਵਲੋਂ 29 ਅਗਸਤ, 2002 ਨੂੰ ਬੀ.ਏ. ਭਾਗ ਪਹਿਲਾ ਦੇ ਵਿਦਿਆਰਥੀਆਂ ਨੂੰ ਪੰਜਾਬੀ ਸਭਿਆਚਾਰ ਦੀ ਅਸਲੀ ਨੁਹਾਰ ਤੋਂ ਜਾਣੂ ਕਰਵਾਉਣ ਲਈ ਪਿੰਡ ਵਿਖਾਉਣ ਵਾਸਤੇ ਲਿਜਾਇਆ ਗਿਆ। ਮਿਤੀ 27 ਸਤੰਬਰ, 2002 ਨੂੰ ਜੀ.ਸੀ.ਜੀ., ਪਟਿਆਲਾ ਦਾ 'ਫ਼ੋਕ ਆਰਟ ਮਿਊਜ਼ੀਅਮ' ਵਿਖਾਇਆ ਗਿਆ। ਅਕਤੂਬਰ 19, 2002 ਨੂੰ ਬੀ.ਏ. ਭਾਗ ਦੂਜਾ ਦੀਆਂ ਲੜਕੀਆਂ ਦਾ ਲੋਕ ਕਢਾਈ ਕਰਨ ਦਾ ਮੁਕਾਬਲਾ ਕਰਵਾਇਆ ਗਿਆ।

## ਪੋਲਿਟੀਕਲ ਸਾਇੰਸ ਅਤੇ ਪਬਲਿਕ ਐਡਮਨਿਸਟਰੇਸ਼ਨ ਵਿਭਾਗ

ਇਹਨਾਂ ਦੋਵਾਂ ਵਿਭਾਗਾਂ ਵਲੋਂ 21 ਸਤੰਬਰ, 2002 ਨੂੰ 'ਸੰਸਦ ਵਿਚ ਔਰਤਾਂ ਲਈ ਰਾਖਵਾਂਕਰਨ ਦੀ ਨੀਤੀ' ਸੰਬੰਧੀ ਵਿਦਿਆਰਥੀਆਂ ਵਿਚ ਜਾਗਰੂਪਤਾ ਪੈਦਾ ਕਰਨ ਲਈ ਡਾ. ਐਸ.ਐਸ. ਨੰਦਾ ਦਾ ਇਕ ਲੈਕਚਰ ਕਰਵਾਇਆ ਗਿਆ।

# ਸਰੀਰਕ ਸਿੱਖਿਆ ਅਤੇ ਖੇਡ ਵਿਭਾਗ

ਇਸ ਵਿਭਾਗ ਨੇ ਇਸ ਸੈਸ਼ਨ ਦੌਰਾਨ ਵੀ ਯੂਨੀਵਰਸਿਟੀ, ਅੰਤਰ ਯੂਨੀਵਰਸਿਟੀ ਨੈਸ਼ਨਲ ਅਤੇ ਖ਼ਾਲਸਾਈ ਖੇਡਾਂ ਦੇ ਖੇਤਰ ਵਿਚ ਮੱਲਾਂ ਮਾਰੀਆਂ। ਜਿਹਨਾਂ ਦਾ ਵੇਰਵਾ ਇਸ ਪ੍ਰਕਾਰ ਹੈ :-

## ਹੈਂਡਬਾਲ

ਪੁਰਸ਼ ਵਰਗ ਵਿਚ ਖ਼ਾਲਸਾ ਕਾਲਜ ਦੀ ਟੀਮ ਨੇ ਲਗਾਤਾਰ ਤੀਸਰੀ ਵਾਰ ਅੰਤਰ ਕਾਲਜ ਪ੍ਰਤੀਯੋਗਤਾ ਜਿੱਤੀ। ਇਸ ਟੀਮ ਦੇ 6 ਖਿਡਾਰੀ ਆਲ ਇੰਡੀਆ ਅੰਤਰ ਯੂਨੀਵਰਸਿਟੀ ਮੁਕਾਬਲਿਆਂ ਲਈ ਚੁਣੇ ਗਏ। ਇਸ ਮੁਕਾਬਲੇ ਵਿੱਚ ਪੰਜਾਬੀ ਯੂਨੀਵਰਸਿਟੀ ਦੀ ਟੀਮ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਪੰਜਾਬੀ ਯੂਨੀਵਰਸਿਟੀ ਦੀ ਟੀਮ Common Welath Handball Tournament ਵਿੱਚ ਭਾਗ ਲੈਣ ਲਈ ਜਾ ਰਹੀ ਹੈ, ਜਿਸ ਵਿੱਚ ਖਾਲਸਾ ਕਾਲਜ ਦੇ 6 ਖਿਡਾਰੀ ਗੁਰਇਕਬਾਲ ਸਿੰਘ, ਇੰਦਰਜੀਤ ਸਿੰਘ, ਗੁਰਪ੍ਰੀਤ ਸਿੰਘ, ਹਰਦੀਪ ਸਿੰਘ, ਵਿਨੋਦ ਕੁਮਾਰ ਅਤੇ ਰੇਸ਼ਮ ਕੁਮਾਰ ਹਨ।

## ਵਾਲਬਾਲ

ਅੰਤਰ ਕਾਲਜ ਪ੍ਰਤੀਯੋਗਤਾ ਵਿੱਚ ਖ਼ਾਲਸਾ ਕਾਲਜ ਦੀ ਟੀਮ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਜਸਪ੍ਰੀਤ ਸਿੰਘ ਅਤੇ ਚੰਨਪ੍ਰੀਤ ਸਿੰਘ ਨੇ ਪੰਜਾਬੀ ਯੂਨੀਵਰਸਿਟੀ ਦੀ ਪ੍ਰਤੀਨਿੱਧਤਾ ਕੀਤੀ। ਇਸ ਟੀਮ ਨੇ ਪਹਿਲੇ ਖ਼ਾਲਸਾਈ ਖੇਡ ਸਮਾਰੋਹ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। 10+2 ਦੇ ਵਿਦਿਆਰਥੀ ਸੁਖਬੀਰ ਸਿੰਘ ਨੇ ਨੈਸ਼ਨਲ ਸਕੂਲ ਖੇਡਾਂ ਵਿੱਚ ਗੋਲਡ ਮੈਡਲ ਪ੍ਰਾਪਤ ਕੀਤਾ।

## ਵੇਟ ਲਿਫਟਿੰਗ

ਕਰਨਬੀਰ ਸਿੰਘ ਨੇ ਅੰਤਰ ਕਾਲਜ ਮੁਕਾਬਲਿਆਂ ਵਿਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਮਨਦੀਪ ਸਿੰਘ ਅਤੇ ਹਰਦੀਪ ਸਿੰਘ ਨੇ ਕ੍ਰਮਵਾਰ ਅੰਤਰ ਕਾਲਜ ਵਿਚੋਂ ਦੂਸਰਾ ਅਤੇ ਤੀਸਰਾ ਸਥਾਨ ਪ੍ਰਾਪਤ ਕੀਤਾ।

## ਬਾਡੀ ਬਿਲਡਿੰਗ

ਰਾਹੁਲ ਕੁਮਾਰ ਨੇ ਆਪਣੇ ਵਰਗ ਵਿਚੋਂ ਦੂਸਰਾ ਸਥਾਨ ਪ੍ਰਾਪਤ ਕੀਤਾ। ਨਿਰਭੈ ਸਿੰਘ ਅੰਤਰ ਕਾਲਜ ਵਿੱਚ ਤੀਸਰੇ ਸਥਾਨ 'ਤੇ ਰਿਹਾ। ਇਹ ਖਿਡਾਰੀ ਅੰਤਰ ਯੂਨੀਵਰਸਿਟੀ ਵਿੱਚ ਪੰਜਾਬੀ ਯੂਨੀਵਰਸਿਟੀ ਦੀ ਟੀਮ ਦੀ ਪ੍ਰਤੀਨਿੱਧਤਾ ਕੀਤੀ।

## ਪਾਵਰ ਲਿਫਟਿੰਗ

ਅੰਤਰ ਕਾਲਜ ਪ੍ਰਤੀਯੋਗਤਾ ਵਿੱਚ ਖ਼ਾਲਸਾ ਕਾਲਜ ਦੇ ਵਿਦਿਆਰਥੀ ਜਤਿੰਦਰ ਪਾਲ ਸਿੰਘ ਨੇ ਦੂਸਰਾ ਸਥਾਨ ਅਤੇ ਗੁਰਪ੍ਰੀਤ ਸਿੰਘ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।

## ਸਾਇਕਲਿੰਗ

ਖ਼ਾਲਸਾ ਕਾਲਜ ਦੀ ਟੀਮ ਨੇ ਅੰਤਰ ਕਾਲਜ ਮੁਕਾਬਲਿਆਂ ਵਿਚ ਓਵਰ ਆਲ ਦੂਸਰਾ ਸਥਾਨ ਪ੍ਰਾਪਤ ਕੀਤਾ। ਜੇ.ਡੀ. ਗਰੇਵਾਲ, ਗੁਰਿੰਦਰ ਸਿੰਘ, ਗਗਨਦੀਪ ਸਿੰਘ ਅਤੇ ਸੁਖਦੀਪ ਸਿੰਘ ਨੇ ਅੰਤਰ ਕਾਲਜ ਵਿਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਇਨ੍ਹਾਂ ਦੀ ਚੋਣ ਅੰਤਰ ਯੂਨੀਵਰਸਿਟੀ ਸਾਈਕਲਿੰਗ ਚੈਂਪੀਅਨਸ਼ਿਪ ਲਈ ਹੋਈ ਹੈ। ਗੁਰਿੰਦਰ ਸਿੰਘ ਅਤੇ ਗਗਨ ਦੀਪ ਸਿੰਘ ਨੇ ਆਲ ਇੰਡੀਆ ਅੰਤਰ ਯੂਨੀਵਰਸਿਟੀ ਵਿਚੋਂ ਦੂਜਾ ਸਥਾਨ ਪ੍ਰਾਪਤ ਕੀਤਾ। ਜੇ.ਡੀ. ਗਰੇਵਾਲ ਨੇ ਆਲ ਇੰਡੀਆ ਅੰਤਰ ਯੂਨੀਵਰਸਿਟੀ ਵਿੱਚ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਸਰਾ ਸਥਾਨ ਪ੍ਰਾਪਤ ਕੀਤਾ। ਗੁਰਿੰਦਰ ਸਿੰਘ ਨੇ ਨੈਸ਼ਨਲ ਮੁਕਾਬਲੇ ਵਿਚੋਂ ਦੂਜਾ, ਸੀਨੀਅਰ ਟਰੈਕ ਨੈਸ਼ਨਲ ਵਿਚੋਂ ਦੂਜਾ ਅਤੇ ਸਟੇਟ ਪੱਧਰ 'ਤੇ ਪਹਿਲਾ ਸਥਾਨ ਪ੍ਰਾਪਤ ਕੀਤਾ। ਸੁਖਦੀਪ ਸਿੰਘ ਨੇ ਆਲ ਇੰਡੀਆ ਅੰਤਰ ਯੂਨੀਵਰਸਿਟੀ ਵਿਚੋਂ ਤੀਜਾ ਸਥਾਨ ਅਤੇ ਸੀਨੀਅਰ ਨੈਸ਼ਨਲ ਮੁਕਾਬਲੇ ਵਿਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਗਗਨਦੀਪ ਸਿੰਘ ਅਤੇ ਸੁਖਦੀਪ ਸਿੰਘ ਨੇ 32ਵੀਆਂ ਨੈਸ਼ਨਲ ਖੇਡਾਂ ਵਿੱਚ ਭਾਗ ਲਿਆ।

## ਬਾਸਕਟਬਾਲ

ਖ਼ਾਲਸਾ ਕਾਲਜ ਕਾਲਜ ਦੀ ਟੀਮ ਨੇ ਅੰਤਰ ਕਾਲਜ ਮੁਕਾਬਲੇ ਵਿੱਚ ਭਾਗ ਲਿਆ। ਸ਼ਮਸ਼ੇਰ ਸਿੰਘ ਨੇ ਪੰਜਾਬੀ ਯੂਨੀਵਰਸਿਟੀ ਦੀ ਟੀਮ ਦੀ ਪ੍ਰਤੀਨਿੰਧਤਾ ਕੀਤੀ। ਇਸ ਟੀਮ ਨੇ ਖ਼ਾਲਸਾ ਖੇਡ ਸਮਾਰੋਹ ਵਿਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਵਸੀਮ ਖਾਨ ਅਤੇ ਦੇਸ ਰਾਜ ਸੀਨੀਅਰ ਇੰਡੀਆ ਕੈਂਪ ਵਿੱਚ ਹਨ।

## ਵਾਲਬਾਲ (ਲੜਕੀਆਂ)

ਖ਼ਾਲਸਾ ਕਾਲਜ ਦੀ ਟੀਮ ਨੇ ਅੰਤਰ ਕਾਲਜ ਮੁਕਾਬਲੇ ਵਿੱਚ ਤੀਸਰਾ ਸਥਾਨ ਪ੍ਰਾਪਤ ਕੀਤਾ। ਚਾਰ ਖਿਡਾਰਨਾ ਸੁਪ੍ਰੀਤੀ, ਅਨੁਪਮਾ, ਪੂਜਾ, ਰਣਬੀਰ ਕੌਰ ਦੀ ਚੋਣ ਪੰਜਾਬੀ ਯੂਨੀਵਰਸਿਟੀ ਟੀਮ ਲਈ ਹੋਈ। ਇਸ ਟੀਮ ਨੇ ਆਲ ਇੰਡੀਆ ਅੰਤਰ ਯੂਨੀਵਰਸਿਟੀ ਵਿੱਚ ਭਾਗ ਲਿਆ।

## ਹਾਕੀ (ਲੜਕੀਆਂ)

ਖ਼ਾਲਸਾ ਕਾਲਜ ਦੀ ਟੀਮ ਨੇ ਅੰਤਰ ਕਾਲਜ ਮੁਕਾਬਲੇ ਵਿੱਚ ਦੂਸਰਾ ਸਥਾਨ ਪ੍ਰਾਪਤ ਕੀਤੀ। ਇਸ ਟੀਮ ਦੀਆਂ ਸੱਤ ਖਿਡਾਰਨਾਂ ਦੀ ਚੋਣ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਟੀਮ ਲਈ ਹੋਈ ਹੈ।

## ਅਥਲੈਟਿਕਸ

ਬੀਰਕਰਨ ਸਿੰਘ ਨੇ ਅੰਤਰ ਕਾਲਜ ਅਥਲੈਟਿਕਸ ਮੀਟ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਪ੍ਰਹਿਲਾਦ ਸਿੰਘ ਨੇ ਹੈਮਰ ਥਰੋ ਈਵੈਂਟ ਵਿੱਚ ਦੂਸਰਾ ਸਥਾਨ ਪ੍ਰਾਪਤ ਕੀਤਾ। ਬੀਰਕਰਨ ਸਿੰਘ ਨੇ ਜੂਨੀਅਰ ਨੈਸ਼ਨਲ ਮੀਟ ਹੈਮਰ ਥਰੋ ਈਵੈਂਟ ਵਿੱਚ ਨਵਾਂ ਰਿਕਾਰਡ ਕਾਇਮ ਕੀਤਾ। ਇਸ ਖਿਡਾਰੀ ਨੇ ਜੂਨੀਅਰ ਨੈਸ਼ਨਲ ਏਸ਼ੀਆ ਵਿੱਚ ਭਾਰਤ ਦੀ ਪ੍ਰਤੀਨਿੱਧਤਾ ਕੀਤੀ।

## ਸਵਿਮਿੰਗ

ਭੁਪਿੰਦਰ ਆਜ਼ਾਦ ਨੇ ਅੰਤਰ ਕਾਲਜ ਤੈਰਾਕੀ ਪ੍ਰਤੀਯੋਗਤਾ ਵਿੱਚ ਦੂਸਰਾ ਸਥਾਨ ਪ੍ਰਾਪਤ ਕੀਤਾ। ਇਸ ਵਿਦਿਆਰਥੀ ਨੇ ਪੰਜਾਬੀ ਯੂਨੀਵਰਸਿਟੀ ਟੀਮ ਦੀ ਪ੍ਰਤੀਨਿਧਤਾ ਕੀਤੀ। ਇਸ ਨੇ 32ਵੀਂ ਸੀਨੀਅਰ ਨੈਸ਼ਨਲ ਖੇਡਾਂ ਵਿੱਚ ਹੈਦਰਾਬਾਦ ਵਿਖੇ ਭਾਗ ਲਿਆ। ਬੀਰਕਰਨ ਸਿੰਘ ਨੇ ਆਲ ਇੰਡੀਆ ਅੰਤਰ ਯੂਨੀਵਰਸਿਟੀ ਵਿੱਚ ਗੋਲਡ ਮੈਡਲ ਪ੍ਰਾਪਤ ਕੀਤਾ।

## ਰੋਲਰ ਸਕੇਟਿੰਗ ਹਾਕੀ

ਤੇਜਪਾਲ ਸਿੰਘ 32ਵੀਂ ਨੈਸ਼ਨਲ ਖੇਡਾਂ ਵਿੱਚ ਹੈਦਰਾਬਾਦ ਵਿਖੇ ਭਾਗ ਲਿਆ ਅਤੇ ਦੂਸਰਾ ਸਥਾਨ ਪ੍ਰਾਪਤ ਕੀਤਾ।

## ਕ੍ਰਿਕਟ

ਕਾਲਜ ਦੇ ਵਿਦਿਆਰਥੀ ਅਜੀਤਪਾਲ ਸਿੰਘ, ਗੁਰਵਿੰਦਰ ਸਿੰਘ ਅਤੇ ਕਰਨਵੀਰ ਸਿੰਘ ਨੇ ਪੰਜਾਬੀ ਯੂਨੀਵਰਸਿਟੀ ਟੀਮ ਦੀ ਪ੍ਰਤੀਨਿੱਧਤਾ ਕੀਤੀ। ਵੇਦ ਪ੍ਰਕਾਸ਼ ਸਿੰਘ ਨੇ ਜੂਨੀਅਰ ਨੈਸ਼ਨਲ ਮੁਕਾਬਲੇ ਲਈ ਪੰਜਾਬ ਦੀ ਟੀਮ ਦੀ ਪ੍ਰਤੀਨਿਧਤਾ ਕੀਤੀ।

## ਲਾਨ ਟੈਨਿਸ

ਕਾਂਲਜ ਦੀ ਲੜਕਿਆਂ ਦੀ ਟੀਮ ਨੇ ਅੰਤਰ ਕਾਲਜ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਸੰਜੀਵ ਕੁਮਾਰ ਇੰਟਰ ਯੂਨੀਵਰਸਿਟੀ ਟੀਮ ਲਈ ਚੁਣਿਆ ਗਿਆ।

## ਨੇਟਬਾਲ

ਖ਼ਾਲਸਾ ਕਾਲਜ ਦੀ ਟੀਮ ਨੇ ਅੰਤਰ ਕਾਲਜ ਵਿੱਚ ਭਾਗ ਲਿਆ। ਬਿਕਰਮਜੀਤ ਸਿੰਘ, ਤੇਜਪ੍ਰੀਤ ਸਿੰਘ, ਨਰਿੰਦਰ ਸਿੰਘ ਨੇ ਪੰਜਾਬੀ ਯੂਨੀਵਰਸਿਟੀ ਟੀਮ ਦੀ ਪ੍ਰਤੀਨਿਧਤਾ ਕੀਤੀ ਅਤੇ ਯੂਨੀਵਰਸਿਟੀ ਟੀਮ ਨੇ ਆਲ ਇੰਡੀਆ ਅੰਤਰ ਯੂਨੀਵਰਸਿਟੀ ਮੁਕਾਬਲੇ ਵਿਚੋਂ ਦੂਜਾ ਸਥਾਨ ਪ੍ਰਾਪਤ ਕੀਤਾ। ਬਿਕਰਮ ਸਿੰਘ, ਤੇਜਵੀਰ ਸਿੰਘ, ਜਸਪਾਲ ਸਿੰਘ ਨੇ ਸੀਨੀਅਰ ਨੈਸ਼ਨਲ ਮੁਕਾਬਲੇ ਵਿੱਚ ਭਾਗ ਲਿਆ ਤੇ ਦੂਸਰਾ ਸਥਾਨ ਪ੍ਰਾਪਤ ਕੀਤਾ।

## ਕੋਰਫ਼ਬਾਲ

ਕਾਲਜ ਦੇ ਵਿਦਿਆਰਥੀ ਬਿਕਰਮ ਜੀਤ ਸਿੰਘ ਨੇ ਸੀਨੀਅਰ ਨੈਸ਼ਨਲ ਵਿੱਚ ਭਾਗ ਲਿਆ।

## ਨਿਸ਼ਾਨੇਬਾਜੀ

ਜੀਵਨਜੋਤ ਸਿੰਘ ਨੇ ਆਲ ਇੰਡੀਆ ਅੰਤਰ ਯੂਨੀਵਰਸਿਟੀ ਵਿਚ ਦੂਸਰਾ ਤੇ ਓਪਨ ਨੈਸ਼ਨਲ ਵਿੱਚ ਤੀਸਰਾ ਸਥਾਨ ਪ੍ਰਾਪਤ ਕੀਤਾ।

## ਖ਼ਾਲਸਾਈ ਖੇਡਾਂ

ਇਸ ਸੈਸ਼ਨ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੇ ਉੱਦਮ ਨਾਲ ਪਹਿਲੀ ਵਾਰ ਖ਼ਾਲਸਾਈ ਖੇਡਾਂ ਆਰੰਭ ਕੀਤੀਆਂ ਗਈਆਂ। ਪਹਿਲੀਆਂ ਖ਼ਾਲਸਾਈ ਖੇਡਾਂ ਜਿਹੜੀਆਂ ਕਿ ਮਾਤਾ ਗੁਜਰੀ ਕਾਲਜ, ਫਤਿਹਗੜ੍ਹ ਸਾਹਿਬ ਵਿਖੇ ਹੋਈਆਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਚਲ ਰਹੇ 16 ਕਾਲਜਾਂ ਨੇ ਭਾਗ ਲਿਆ। ਖ਼ਾਲਸਾ ਕਾਲਜ ਦੀ ਟੀਮ ਨੇ ਇਹਨਾਂ ਖੇਡਾਂ ਵਿਚ ਓਵਰਆਲ ਚੈਂਪੀਅਨਸ਼ਿਪ ਜਿੱਤੀ। ਇਹਨਾਂ ਖੇਡਾਂ ਵਿਚ ਬਾਸਕਟ ਬਾਲ (ਲੜਕਿਆਂ), ਵਾਲੀਬਾਲ (ਲੜਕੇ ਅਤੇ ਲੜਕੀਆਂ) ਦੀਆਂ ਟੀਮਾਂ ਨੇ ਪਹਿਲਾ ਸਥਾਨ ਹਾਸਲ ਕੀਤਾ।

## ਸਲਾਨਾ ਖੇਡ ਸਮਾਰੋਹ

ਕਾਲਜ ਦਾ 41ਵਾਂ ਸਲਾਨਾ ਖੇਡ ਸਮਾਰੋਹ 26-27 ਫਰਵਰੀ, 2003 ਨੂੰ ਮਨਾਇਆ ਗਿਆ। ਜਿਸ ਵਿਚ ਕਾਲਜ ਦੇ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਇਸ ਸਮਾਗਮ ਦਾ ਉਦਘਾਟਨ ਸ੍ਰ. ਗੁਰਬਖਸ਼ ਸਿੰਘ ਆਨੰਦ ਨੇ ਕੀਤਾ। ਸਮਾਪਨ ਸਮਾਰੋਹ ਦੌਰਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਦਿੱਤੇ।

# ਗੁਰਮਤਿ ਸੁਸਾਇਟੀ

ਪ੍ਰੋ. ਬਰਿੰਦਰ ਕੌਰ ਦੀ ਅਗਵਾਈ ਅਧੀਨ ਚਲ ਰਹੀ ਗੁਰਮਤਿ ਸੁਸਾਇਟੀ ਵਲੋਂ 20 ਅਕਤੂਬਰ, 2002 ਤੋਂ

24 ਅਕਤੂਬਰ, 2002 ਤੱਕ ਗੁਰਮਤਿ ਕਾਲਜ, ਪਟਿਆਲਾ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਲਗਾਏ ਧਾਰਮਿਕ ਸਿਖਿਆ ਕੈਂਪ ਵਿਚ ਨੌਂ ਵਿਦਿਆਰਥੀਆਂ ਨੂੰ ਭਾਗ ਲੈਣ ਲਈ ਭੇਜਿਆ ਗਿਆ। ਕੈਂਪ ਦੌਰਾਨ ਹੋਏ ਕਵਿਤਾ ਮੁਕਾਬਲੇ ਵਿਚ ਵਿਦਿਆਰਥੀ ਅਮਨਦੀਪ ਸਿੰਘ ਬੀ.ਏ. ਭਾਗ ਪਹਿਲਾ ਨੇ ਇਨਾਮ ਪ੍ਰਾਪਤ ਕੀਤਾ।

ਨਵੰਬਰ 7, 2002 ਨੂੰ ਕਾਲਜ ਵਿਚ ਧਾਰਮਿਕ ਸਰਗਰਮੀਆਂ ਲਈ ਗੁਰਮਤਿ ਸੁਸਾਇਟੀ ਕਾਇਮ ਕੀਤੀ ਗਈ. ਵਿਦਿਆਰਥੀ ਪ੍ਰਭਕਿਰਨ ਸਿੰਘ ਬੀ.ਏ. ਭਾਗ ਤੀਜਾ ਨੂੰ ਸੁਸਾਇਟੀ ਦਾ ਪ੍ਰਧਾਨ ਚੁਣਿਆ ਗਿਆ।

ਮਿਤੀ 29 ਨਵੰਬਰ, 2002 ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਵਸ ਮਨਾਇਆ ਗਿਆ। ਕਾਲਜ ਦੇ ਵਿਦਿਆਰਥੀਆਂ ਨੇ ਸ਼ਬਦ ਕੀਰਤਨ ਕੀਤਾ। ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਉਪਦੇਸ਼ਾਂ ਤੋਂ ਸੰਗਤ ਨੂੰ ਜਾਣੂ ਕਰਵਾਇਆ। ਪ੍ਰੋਗਰਾਮ ਉਪਰੰਤ ਗੁਰੂ ਕਾ ਅਤੁੱਟ ਲੰਗਰ ਵਰਤਾਇਆ ਗਿਆ।

ਮਿਤੀ 8 ਜਨਵਰੀ, 2003 ਨੂੰ ਕਾਲਜ ਦੇ ਧਰਮ ਅਧਿਐਨ ਦੇ ਵਿਦਿਆਰਥੀਆਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਵਸ ਦੇ ਸੰਬੰਧ ਵਿਚ ਨਗਰ ਕੀਤਰਨ ਵਿੱਚ ਭਾਗ ਲਿਆ। ਮਿਤੀ 11 ਜਨਵਰੀ, 2003 ਨੂੰ 'ਗਿਆਨੀ ਲਾਲ ਸਿੰਘ ਯਾਦਗਾਰੀ ਭਾਸ਼ਣ ਮੁਕਾਬਲੇ' ਗੁਰਮਤਿ ਕਾਲਕਾ, ਪਟਿਆਲਾ ਵਿਖੇ ਕਾਲਜ ਦੇ ਦੋ ਵਿਦਿਆਰਥੀਆਂ ਨੇ ਭਾਗ ਲਿਆ ਤੇ ਵਿਦਿਆਰਥਣ ਹਰਜਸਲੀਨ ਕੌਰ ਨੇ ਚੌਥਾ ਇਨਾਮ ਪ੍ਰਾਪਤ ਕੀਤਾ। ਮਿਤੀ ਮਾਰਚ 5, 2003 ਨੂੰ ਗੁਰਮਤਿ ਸੁਸਾਇਟੀ ਵਲੋਂ ਕਾਲਜ ਵਿਚ ਡਾ. ਹਰਪਾਲ ਸਿੰਘ ਪੰਨੂ ਦਾ 'ਗੁਰਮਤਿ ਤੇ ਮਨਮਤਿ' ਵਿਸ਼ੇ 'ਤੇ ਭਾਸ਼ਣ ਕਰਵਾਇਆ ਗਿਆ।

## ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ

ਪ੍ਰੋ. ਤਰਲੋਚਨ ਸਿੰਘ ਮਹਾਜਨ ਦੀ ਅਗਵਾਈ ਅਧੀਨ ਚੱਲ ਰਹੇ ਗੁਰੂ ਗੋਬਿੰਦ ਸਿੰਘ ਸਿੱਖ ਸਟੱਡੀ ਸਰਕਲ ਦੇ ਵਿਦਿਆਰਥੀ ਅਹੁਦੇਦਾਰਾਂ ਦੀ, ਸੈਸ਼ਨ ਦੇ ਆਰੰਭ ਵਿਚ, ਚੋਣ ਕੀਤੀ ਗਈ। ਇਸ ਸਰਕਲ ਦੁਆਰਾ 16 ਅਕਤੂਬਰ ਨੂੰ ਪ੍ਰੋ. ਸਤਿੰਦਰ ਸਿੰਘ ਕਾਹਲੋਂ ਦੀ ਮਿੱਠੀ ਯਾਦ ਨੂੰ ਮਨਾਉਂਦਿਆਂ ਪਾਠ, ਕੀਰਤਨ ਅਤੇ ਅਰਦਾਸ ਕੀਤੇ ਗਏ। ਮਿਤੀ 11 ਨਵੰਬਰ, 2002 ਨੂੰ ਆਤਮ ਅਨੁਭਵ ਦਿਵਸ ਮਨਾਇਆ ਗਿਆ। ਮਿਤੀ 17 ਜਨਵਰੀ, 2003 ਨੂੰ ਕਾਲਜ ਵਿਚ ਪਟਿਆਲੇ ਦੇ ਸਾਰੇ ਸਕੂਲਾਂ ਅਤੇ ਕਾਲਜਾਂ ਦਾ ਗਰੁਮਤਿ ਕੁਇਜ਼ ਮੁਕਾਬਲਾ ਕਰਵਾਇਆ ਗਿਆ ਅਤੇ ਪਹਿਲੇ, ਦੂਸਰੇ ਅਤੇ ਤੀਸਰੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਪੰਜਾਬੀ ਯੂਨੀਵਰਸਿਟੀ ਦੇ ਡੀਨ ਕਾਲਜਿਜ,

ਡਾ. ਸਤਪਾਲ ਸਿੰਘ ਵਿਰਦੀ ਦੁਆਰਾ, ਕ੍ਰਮਵਾਰ 900, 500 ਅਤੇ 300 ਰੁਪਏ ਦੇ ਇਨਾਮ ਦਿਤੇ ਗਏ। ਕਾਲਜ ਦੀ ਟੀਮ ਨੇ ਇਸ ਮੁਕਾਬਲੇ ਵਿਚ ਪਹਿਲਾ ਸਥਾਨ ਹਾਸਲ ਕੀਤਾ। ਮਿਤੀ 27 ਨਵੰਬਰ, 2003 ਨੂੰ "ਸਹਿਜ ਪਾਠ ਗੁਰੂ ਗ੍ਰੰਥ ਸਾਹਿਬ" ਵਿਸ਼ੇ 'ਤੇ ਡਾ. ਬ੍ਰਿਜਪਾਲ ਸਿੰਘ ਸਕੱਤਰ ਅਕੈਡਮੀ ਆਫ਼ ਸਿੱਖ ਰਿਲਜ਼ਨ ਐਂਡ ਕਲਚਰ ਦਾ ਇਕ ਲੈਕਚਰ ਕਰਵਾਇਆ ਗਿਆ।

## ਯੂਥ ਕਲੱਬ

ਯੂਥ ਕਲੱਬ ਵਲੋਂ 1 ਫਰਵਰੀ ਤੋਂ 7 ਫਰਵਰੀ (2003) ਤੱਕ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਨ ਲਈ ਇਕ ਹਫ਼ਤਾ 'ਨਸ਼ਾ ਮੁਕਤੀ' ਦੇ ਰੂਪ ਵਿਚ ਮਨਾਇਆ ਗਿਆ। ਜਿਸ ਵਿਚ ਪੋਸਟਰ ਪ੍ਰਦਰਸ਼ਨੀ, ਦੌੜਾਂ, ਡਾ. ਆਸਾ ਸਿੰਘ ਦਾ 'ਨਸ਼ਿਆਂ ਤੋਂ ਮੁਕਤੀ' ਬਾਰੇ ਲੈਕਚਰ ਅਤੇ ਕਾਲਜ ਤੋਂ ਡੀ.ਸੀ. ਦਫ਼ਤਰ ਤੱਕ ਪੈਦਲ ਮਾਰਚ ਕੀਤਾ ਗਿਆ। ਇਸ ਪੈਦਲ ਕੀਤੇ ਗਏ ਮਾਰਚ ਨੂੰ ਪ੍ਰੋ. ਕਿਰਪਾਲ ਸਿੰਘ ਬਡੂੰਗਰ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਰਵਾਨਾ ਕੀਤੀ।

## ਵਾਤਾਵਰਨ ਕਮੇਟੀ

ਇਸ ਕਮੇਟੀ ਦੁਆਰਾ ਵਿਦਿਆਰਥੀਆਂ ਨੂੰ ਵਾਤਾਵਰਣ ਸੁਰੱਖਿਆ ਪ੍ਰਤੀ ਜਾਗਰੂਕ ਕਰਨ ਲਈ 28 ਸਤੰਬਰ, 2002 ਨੂੰ ਪੋਸਟਰ ਮੇਕਿੰਗ ਮੁਕਾਬਲਾ ਕਰਵਾਇਆ ਗਿਆ। ਉਹਨਾਂ ਦੁਆਰਾ ਬਣਾਏ ਗਏ ਪੋਸਟਰਾਂ ਦੀ ਕਾਲਜ ਵਿਚ ਪ੍ਰਦਰਸ਼ਨੀ ਵੀ ਲਗਾਈ ਗਈ। ਇਸ ਮੁਕਾਬਲੇ ਵਿਚ ਰੰਜਨਾ ਬੀ.ਕਾਮ. ਭਾਗ ਪਹਿਲਾ, ਰੁਪਿੰਦਰ ਗੋਇਲ ਬੀ.ਕਾਮ. ਭਾਗ ਤੀਸਰਾ ਅਤੇ ਜਸਮੀਨ ਕੌਰ +1 ਮੈਡੀਕਲ ਨੇ ਦੂਸਰਾ ਅਤੇ ਦੀਕਸ਼ਤ ਸ਼ਰਮਾ +1 ਕਾਮਰਸ ਅਤੇ ਅਸ਼ਮਦੀਪ ਸਿੰਘ +2 ਮੈਡੀਕਲ ਨੇ ਤੀਸਰਾ ਸਥਾਨ ਹਾਸਲ ਕੀਤਾ। ਸਮੇਂ ਦੀ ਲੋੜ 'ਰੁੱਖ ਲਗਾਉ ਵਾਤਾਵਰਨ ਬਚਾਉ' ਨੂੰ ਮੁਖ ਰੱਖਦਿਆਂ ਹੋਇਆਂ ਕਾਲਜ ਵਿਚ ਰੁੱਖ ਲਗਾਉਣ ਦੀ ਮੁਹਿੰਮ ਸ਼ੁਰੂ ਕੀਤੀ ਗਈ। ਜਿਸ ਦਾ ਉਦਘਾਟਨ ਸ੍ਰ: ਸਵਿੰਦਰ ਸਿੰਘ ਸਭਰਵਾਲ ਨੇ ਕੀਤਾ।

## ਲਾਇਬਰੇਰੀ

ਇਸ ਸੈਸ਼ਨ ਦੌਰਾਨ ਲਾਇਬਰੇਰੀ ਵਾਸਤੇ 1353 ਨਵੀਆਂ ਕਿਤਾਬਾਂ ਖਰੀਦੀਆਂ ਗਈਆਂ, ਜਿਨ੍ਹਾਂ ਨਾਲ

ਲਾਇਬਰੇਰੀ ਵਿਚ ਕਿਤਾਬਾਂ ਦੀ ਕੁਲ ਗਿਣਤੀ 21938 ਹੋ ਗਈ ਹੈ। ਲਾਇਬਰੇਰੀ ਵਿਚ 16 ਰੋਜ਼ਾਨਾ ਅਖ਼ਬਾਰ ਅਤੇ 43 ਰਸਾਲੇ ਮੰਗਵਾਏ ਗਏ। ਲਾਇਬਰੇਰੀ ਵਿਚੋਂ 60 ਗਰੀਬ, ਖਿਡਾਰੀਆਂ ਅਤੇ ਮੈਰਿਟ ਲਿਸਟ ਵਾਲੇ ਵਿਦਿਆਰਥੀਆਂ ਨੂੰ ਕਿਤਾਬਾਂ ਦਿੱਤੀਆਂ ਗਈਆਂ। ਇਸ ਸੈਸ਼ਨ ਦੌਰਾਨ ਵਿਦਿਆਰਥੀਆਂ ਨੇ 5023 ਅਤੇ ਅਧਿਆਪਕਾਂ ਨੇ 1600 ਕਿਤਾਬਾਂ ਲਾਇਬਰੇਰੀ ਵਿਚੋਂ ਇਸ਼ੂ ਕਰਵਾਈਆਂ।

# ਅਧਿਆਪਕਾਂ ਵਲੋਂ ਪ੍ਰਾਪਤੀਆਂ

ਡਾ. ਗੁਰਦਰਸ਼ਨ ਸਿੰਘ ਦੀ ਪੁਸਤਕ **Algebra and Trigonomety** (for B.Sc. Part I, B.A. Part I) ਕਪਿਲਾ ਪਬਲੀਕੇਸ਼ਨ ਜਲੰਧਰ ਦੁਆਰਾ 2003 ਵਿਚ ਪ੍ਰਕਾਸ਼ਤ ਕੀਤੀ ਗਈ।

ਪ੍ਰੋ. ਤਰਲੋਚਨ ਸਿੰਘ ਮਹਾਜਨ ਨੇ 1 ਜੂਨ 2002 ਨੂੰ ਗੁਰੂ ਅਰਜਨ ਕੀਰਤਨ ਮੰਡਲ ਦੇ ਸਹਿਯੋਗ ਨਾਲ ਸਾਰੇ ਸਕੂਲਾਂ ਦੇ ਕੁਇਜ਼ ਮੁਕਾਬਲੇ ਕਰਵਾਏ। ਮਿਤੀ 15 ਫਰਵਰੀ, 2003 ਨੂੰ ਇਹਨਾਂ ਦੀ ਪੁਸਤਕ ਕੰਪਿਊਟਰ ਨੈਟਵਰਕਿੰਗ ਰਿਲੀਜ਼ ਹੋਈ। ਪੁਸਤਕ ਰਿਲੀਜ਼ ਕਰਨ ਦੀ ਰਸਮ ਡਾ. ਪੀ.ਕੇ. ਬਾਂਸਲ ਮੁਖੀ ਇਲੈਕਟ੍ਰੋਨਿਕ ਵਿਭਾਗ, ਥਾਪਰ ਕਾਲਜ, ਪਟਿਆਲਾ ਨੇ ਕੀਤੀ। ਇਸੇ ਹੀ ਦਿਨ ਪ੍ਰੋ. ਮਹਾਜਨ ਨੇ ਟਰਾਂਸਪੇਰੈਂਸਿਜ਼ ਦੀ ਮੱਦਦ ਦੁਆਰਾ ਕਾਲਜ ਦੇ ਵਿਦਿਆਰਥੀਆਂ ਨੂੰ "ਕੰਪਿਊਟਰ ਨੈਟਵਰਕਿੰਗ" ਵਿਸ਼ੇ 'ਤੇ ਲੈਕਚਰ ਦਿੱਤਾ।

ਡਾ. ਹਰਵਿੰਦਰ ਕੌਰ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ 9 ਅਗਸਤ, 2002 ਵਿਚ ਫੈਕਲਟੀ ਆਫ਼ ਲੈਂਗੂਏਜਿਜ ਦਾ ਮੈਂਬਰ ਨਿਯੁਕਤ ਕੀਤਾ ਗਿਆ। ਇਹਨਾਂ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਹਿੰਦੀ ਵਿਭਾਗ ਵਲੋਂ ਆਯੋਜਿਤ ਸੈਮੀਨਾਰ "ਪੱਤਰਕਾਰਤਾ ਨਵੇਂ ਆਯਾਮ" ਵਿਚ ਸ਼ਮੂਲੀਅਤ ਕੀਤੀ। ਇਹਨਾਂ ਨੇ 4 ਜੁਲਾਈ, 2002 ਤੋਂ 31 ਜੁਲਾਈ, 2002 ਤੱਕ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਅਕਾਦਮਿਕ ਸਟਾਫ਼ ਕਾਲਜ ਵਿਖੇ ਓਰੀਅਨਟੇਸ਼ਨ ਕੋਰਸ ਲਗਾਇਆ ਅਤੇ 'ਏ' ਗਰੇਡ ਹਾਸਲ ਕੀਤਾ।

ਡਾ. ਗੁਰਦੀਸ਼ ਕੌਰ ਦਾ ਨਾਂ The Contemproary who's who ਲਈ 6 ਦਸੰਬਰ, 2002 ਨੂੰ ਨੌਮੀਨੇਟ ਕੀਤਾ ਗਿਆ। 28 ਫਰਵਰੀ, 2003 ਨੂੰ ਇਹਨਾਂ ਦਾ ਨਾਮ Prestigious ਟਾਈਟਲ Man of the Year ਲਈ ਨਾਮਜ਼ਦ ਕੀਤਾ ਗਿਆ। ਇਹਨਾਂ ਨੂੰ 11 ਅਪ੍ਰੈਲ, 2003 ਨੂੰ A.B.I. ਅਮੈਰਿਕਨ ਬਾਇਓਗ੍ਰਾਫਰਜ਼ ਇਨਸਟੀਚਿਊਟ ਵਲੋਂ ਐਡਵਾਈਜ਼ਰੀ ਬੋਰਡ ਦਾ ਮੈਂਬਰ ਬਣਨ ਦਾ ਸੱਦਾ ਆਇਆ। ਡਾ. ਗੁਰਦੀਸ਼ ਕੌਰ ਨੇ ਪ੍ਰਾਇਮਰੀ ਸਕੂਲ ਟੀਚਰਜ਼ ਲਈ, ਨਾਰਥਰਨ ਰੀਜ਼ਨਲ ਲੈਂਗੂਏਜ਼ ਸੈਂਟਰ, ਪਟਿਆਲਾ ਵਲੋਂ ਮਈ 8-12, 2002 ਵਿਚ

ਲਗਾਏ ਗਏ 'ਓਰੀਅਨਟੇਸ਼ਨ ਕੋਰਸ ਇਨ ਪੰਜਾਬੀ' ਵਿਚ ਰੀਸੋਰਸ ਪਰਸਨ ਅਤੇ ਫ਼ੈਕਲਟੀ ਮੈਂਬਰ ਦੇ ਰੂਪ ਵਿਚ ਲੈਕਚਰ ਦਿੱਤੇ ਅਤੇ ਭਾਗ ਲਿਆ। ਇਹਨਾਂ ਦੁਆਰਾ ਕੀਤਾ ਗਿਆ 'ਖੜਾਵਾਂ' ਕਾਵਿ ਸੰਗ੍ਰਹਿ ਦਾ ਰੀਵਿਊ' ਪੰਜਾਬੀ ਦੁਨੀਆਂ ਦੇ ਪੰਜਾਬੀ ਕਾਵਿ ਅਧਿਐਨ ਵਿਸ਼ੇਸ਼ ਅੰਕ ਜੁਲਾਈ, 2002 ਵਿਚ ਛਪਿਆ। ਆਪ ਨੇ 9 ਮਾਰਚ, 2003 ਨੂੰ ਇੰਟਰਨੈਸ਼ਨਲ ਸੈਂਟਰ ਫ਼ਾਰ ਪੰਜਾਬੀ ਸਟੱਡੀਜ਼ ਵਲੋਂ ਕਰਵਾਏ ਗਏ ਸੈਮੀਨਾਰ "Writing in context" ਵਿਚ ਬਤੌਰ ਡੈਲੀਗੇਟ ਭਾਗ ਲਿਆ।

ਡਾ. ਚਰਨਜੀਤ ਕੌਰ ਦਾ ਰੀਸਰਚ ਪੇਪਰ 'ਹਿੰਦੀ ਪੰਜਾਬੀ ਇਸਤਰੀ ਨਾਵਲਕਾਰਾਂ ਦਾ ਤੁਲਨਾਤਮਿਕ ਅਧਿਐਨ : ਸਮੱਸਿਆਵਾਂ (ਅੰਮਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ, ਕ੍ਰਿਸ਼ਨਾ ਸੋਬਤੀ ਅਤੇ ਮੈਤ੍ਰਈ ਪੁਸ਼ਪਾ ਦੇ ਸੰਦਰਭ ਵਿਚ) ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਲੋਂ 28 ਅਤੇ 29 ਅਕਤੂਬਰ, 2002 ਨੂੰ ਪੰਜਾਬੀ ਸਾਹਿਤ ਦੇ ਸੰਦਰਭ ਵਿਚ ਤੁਲਨਾਤਮਕ ਸਾਹਿਤ ਅਧਿਐਨ ਵਿਸ਼ੇ 'ਤੇ ਕਰਵਾਏ ਗਏ ਸੈਮੀਨਾਰ ਲਈ ਭੇਜਿਆ ਗਿਆ। ਇਹਨਾਂ ਦੁਆਰਾ ਲਿਖਿਆ ਗਿਆ ਆਰਟੀਕਲ, 'ਸੁਖਵਿੰਦਰ ਅੰਮ੍ਰਿਤ ਦੀ ਕਾਵਿ ਚੇਤਨਾ', ਅਜੋਕੇ ਸ਼ਿਲਾਲੇਖ, ਮੈਗਜ਼ੀਨ ਦੇ ਜਨਵਰੀ-ਮਾਰਚ, 2003 ਅੰਕ ਵਿਚ ਛਪਿਆ। ਇਹਨਾਂ ਦੁਆਰਾ ਡਾ. ਦਲੀਪ ਕੌਰ ਟਿਵਾਣਾ ਦੀਂ ਪੁਸਤਕ **ਭਉਜਲ** ਦਾ ਕੀਤਾ ਗਿਆ ਰੀਵਿਊ ਆਰਟੀਕਲ ਸਿਰਜਣਾ ਮੈਗਜ਼ੀਨ ਦੇ ਜਨਵਰੀ-ਮਾਰਚ, 2003 ਅੰਕ ਵਿਚ ਛਪਿਆ।

ਡਾ. ਚਰਨਜੀਤ ਕੌਰ ਦੁਆਰਾ ਡਾ. ਦਲੀਪ ਕੌਰ ਟਿਵਾਣਾ ਨਾਲ ਕੀਤੀ ਗਈ ਮੁਲਾਕਾਤ ਨਵਾਂ ਜ਼ਮਾਨਾ ਅਖ਼ਬਾਰ ਵਿਚ 10 ਫਰਵਰੀ, 2002 ਨੂੰ ਛਪੀ। ਇਹਨਾਂ ਨੇ 5 ਫਰਵਰੀ, 2002, ਨੂੰ ਸਰਕਾਰੀ ਰਣਬੀਰ ਕਾਲਜ, ਸੰਗਰੂਰ ਵਿਖੇ 'ਲਿੰਗ ਵਿਤਕਰਾ' ਵਿਸ਼ੇ 'ਤੇ ਲੈਕਚਰ ਦਿੱਤਾ। ਇਹਨਾਂ ਨੇ ਪੰਜਾਬੀ ਅਕਾਦਮੀ, ਦਿੱਲੀ ਵਲੋਂ 12-13 ਜਨਵਰੀ, 2003 ਨੂੰ ਕਰਵਾਏ ਅੰਤਰ ਰਾਸ਼ਟਰੀ ਪੰਜਾਬੀ ਲੇਖਕ ਸੰਮੇਲਨ ਵਿਚ ਬਤੌਰ ਡੈਲੀਗੇਟ ਭਾਗ ਲਿਆ। ਇਹਨਾਂ ਨੇ ਅਕਾਦਮਿਕ ਸਟਾਫ਼ ਕਾਲਜ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ 2 ਤੋਂ 29 ਸਤੰਬਰ, 2003 ਤੱਕ ਓਰੀਅਨਟੇਸ਼ਨ ਕੋਰਸ ਲਗਾਇਆ ਅਤੇ 'ਏ' ਗਰੇਡ ਹਾਸਲ ਕੀਤਾ।

ਪ੍ਰੋ. ਕਮਲ ਸੋਹਲ ਪ੍ਰੋਗਰਾਮ ਅਫ਼ਸਰ ਐਨ.ਐਸ.ਐਸ. ਨੇ 1 ਤੋਂ 8 ਸਤੰਬਰ, 2002 ਤੱਕ ਡਾ. ਵਾਈ. ਐਸ. ਪ੍ਰਮਾਰ ਹਾਰਟੀਕਲਚਰ ਯੂਨੀਵਰਸਿਟੀ ਨੌਨੀ (ਸੋਲਨ) ਵਿਖੇ ਰੈੱਡ ਕਰਾਸ ਅਤੇ ਐਨ.ਐਸ.ਐਸ. ਦਾ ਸੰਯੁਕਤ ਰੂਪ ਵਿਚ ਸਿਖਲਾਈ ਕੈਂਪ ਲਗਾਇਆ। ਇਹਨਾਂ ਨੇ 'ਪੰਜਾਬ ਆਰਟ ਕਾਊਂਸਲ' ਦੁਆਰਾ ਚਾਰ ਜੋਨਾਂ ਵਿਚ ਕਰਵਾਏ ਗਏ ਰਾਜ ਪੱਧਰ ਦੇ ਕਲਾ ਮੁਕਾਬਲੇ 'ਰਾਜ ਕਲਾਕਾਰ' ਵਿਚ ਦੋ ਥਾਵਾਂ ਅੰਮ੍ਰਿਤਸਰ ਅਤੇ ਨਕੋਦਰ ਵਿਖੇ ਬਤੌਰ ਜੱਜ

ਆਪਣੇ ਫ਼ੈਸਲੇ ਸੁਣਾਏ।

ਡਾ. ਨਿਸ਼ਾਨ ਸਿੰਘ ਪ੍ਰੋਗਰਾਮ ਅਫ਼ਸਰ ਐਨ.ਐਸ.ਐਸ. ਨੇ 11 ਤੋਂ 20 ਫ਼ਰਵਰੀ, 2003 ਤੱਕ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਟਰੇਨਿੰਗ ਕੋਰਸ ਵਿਚ ਭਾਗ ਲਿਆ।

ਪ੍ਰੋ. ਗਗਨਦੀਪ ਸਿੰਘ ਦੀ ਕਾਵਿ ਪੁਸਤਕ ਸ਼ੰਖਨਾਦ ਦੀ ਵਿਲਕਣੀ, ਸ਼ਿਲਾਲੇਖ ਪ੍ਰਕਾਸ਼ਨ, ਦਿੱਲੀ ਦੁਆਰਾ 2003 ਵਿਚ ਪ੍ਰਕਸ਼ਿਤ ਕੀਤੀ ਗਈ।

ਅੰਤ ਵਿਚ ਮੈਂ ਆਪਣੇ ਸਟਾਫ਼; ਟੀਚਿੰਗ, ਨਾਨ-ਟੀਚਿੰਗ ਅਤੇ ਵਿਦਿਆਰਥੀਆਂ ਦਾ ਤਹਿ ਦਿਲੋਂ ਧੰਨਵਾਦੀ ਹਾਂ ਜਿਹਨਾਂ ਦੀ ਮਿਹਨਤ ਅਤੇ ਲਗਨ ਸਦਕਾ ਕਾਲਜ ਇਹਨਾਂ ਪ੍ਰਾਪਤੀਆਂ ਦਾ ਹੱਕਦਾਰ ਬਣਿਆ ਹੈ।

ਡਾ. ਹਰਬੀਰ ਸਿੰਘ,
ਪ੍ਰਿੰਸੀਪਲ।